ਸਤਿਗੁਰਪ੍ਰਸਾਦਿ ॥

# ...ਲੀਆਂ ਕੁਆਰੀਆਂ



"ਦਰਬਾਰ"

## ਨਿੱਤਨੇਮ ਪਾਲਣ !

ਬੀਬੀ ਗੁਰਕ੍ਰਿਪਾਲਕੌਰ ਦਾ ਇਕ ਗੁਰੂ ਕਲਗੀਧਰ ਦੇ ਸ
ਉਪਾਸ਼ਕ ਤੇ ਪ੍ਰੇਮੀ ਸਿੰਘ ਦੇ ਘਰ ਜਨਮ ਲੈਣਾ। ਉਸਦੇ ਮਾਪਿ
ਨੇ ਨਿਤਾ-ਪ੍ਰਤਿ ਬਾਣੀ ਦਾ ਪਾਠ ਤੇ ਸਾਧ ਸੰਗਤ ਦੀ ਸੇਵਾ ਕਰਨੀ
ਮਹਾਰਾਜ ਦਾ ਭਾਣਾ—ਕਿ ਤਿੰਨ ਬਰਸ ਦੀ ਉਮਰ ਵਿਚ ਹੀ ਮਾ
ਪਿਆਂ ਦੀ ਗੂਹੜੀ ਛਾਂ ਅਲੋਪ ਹੋ ਜਾਣੀ (ਓਹ ਸੁਰਗਵਾਸ ਹੋਗ
ਚਾਚੇ ਦੇ ਘਰ ਵਿਚ ਬੀਬੀ ਦੀ ਪਾਲਣਾ ਹੋਣੀ ਤੇ ਵਿਦਯਾ ਸਿਖਣ
ਘਰ ਵਿਚ ਧਾਰਮਕ ਪੁਸਤਕ ਲਭਣੇ ਤੇ ਬੀਬੀ ਨੇ ਨਿਤਨੇਮ ਕੰ
ਕਰਨੇ। ੧੨ ਸਾਲ ਦੀ ਅਵਸਥਾ ਵਿਚ ਬੀਬੀ ਦਾ ਵਿਵਾਹ ਸਹਿ
ਧਾਰੀ ਸਿਖਾਂ ਦੇ ਘਰ ਹੋਣਾ। ਸਾਰੇ ਪ੍ਰਵਾਰ ਨੇ ਬਾਣੀ ਪੜ੍ਹਦੀ
ਬੁਰੀ ਨਜ਼ਰ ਨਾਲ ਦੇਖਣਾ ਅਤੇ ਸੱਸ ਨੇ ਹਰ ਵਕਤ ਰੋਕਾ ਟਾ
ਤੇ ਝਾੜ ਝਪਾੜ ਰਖਣੀ। ਨਿਤ ਨੇਮ ਦੇ ਰੋਜ਼ ਖੰਡਣ ਹੋਣ ਦੇ ਕਾ
ਬੀਬੀ ਨੇ ਦੁਖੀ ਅਤੇ ਵਿਆਕੁਲ ਹੋਣਾ। ਇਕ ਅੱਧੀ ਰਾਤ ਨੂੰ ਬੀ
ਦਾ ਸਾਰੇ ਪ੍ਰਵਾਰ ਦੇ ਸੁਤਿਆਂ ਹੋਯਾਂ ਜਾਗਣਾਂ, ਪਤੀ ਜੀ ਦੀ ਪ੍ਰਕ
ਕਰ, ਸੱਸ ਸੌਹਰੇ ਨੂੰ ਮੱਥਾ ਟੇਕ, ਅਰਦਾਸਾ ਸੋਧਨਾ ਤੇ
ਬਾਹਰ ਨਿਕਲ ਤੁਰਨਾਂ। ਪੋਹ ਮਾਘ ਦੀ ਸਰਦੀ, ਝਖੜ, ਇ
ਤੇ ਕਾਲੀ ਬੋਲੀ ਰਾਤ ਵਿਚ ਬੀਬੀ ਦਾ ਜੰਗਲਾਂ ਵਿਚ ਫਿਰ
ਅਨੰਦ ਪੁਰ ਸਾਹਿਬ ਦਾ ਰਾਹ ਲਭਨਾਂ। ਸੌਹਰਿਆਂ ਦਾ ਜਾ
ਚਾਚੇ ਨੂੰ ਖਬਰ ਦੇਣੀ ਤੇ ਬੀਬੀ ਦਾ ਪਿੱਛਾ ਕਰਨਾ। ਬੀਬ
ਪਹਿਰ ਰਾਤ ਰਹਿੰਦਿਆਂ ਇਕ ਨਦੀ ਤੇ ਪੁਜਨਾਂ ਕੰਢੇ ਤੇ ਬੈਠ
ਨੇਮ ਦਾ ਪਾਠ ਕਰਨਾ ਤੇ ਨਿਰਾਸ ਹੋਕੇ ਇਹ ਸਤਿਗੁਰਾਂ ਦੇ ਚ
ਵਿਚ ਬੇਨਤੀ ਕਰਨੀ:—

ਤਰਜ਼—(ਢੋਲ ਮੇਰਾ, ਮੇਰਾ ਜੀ ਘਰ ਪੱਖੀ ਦੀ ਲੋੜ)

ਧਾਰਨਾ—ਕਲਗੀ ਵਾਲੇ ਗੁਰ ਜੀ ਮੇਰੀ ਜਿੰਦੜੀ ਨਾ ਰੋ
ਜੀ ਮੈਂ ਹੋਈ ਨਿਤਾਨੀ, ਤੇਰੀ ਓਟ ਤਕਾਨੀ,
ਦਰ ਤੇਰੇ ਨਿਮਾਣੀ ਕੋਈ ਆਸਰਾ ਨਾ ਹੋਰ—ਕਲਗੀ

(ਬਾਕੀ ਵੇਖੋ ਅਖੀਰਲਾ ਟਾਈਟਲ ਸਫ਼ਾ)

ਸਭ ਹੱਕ ਰਾਖਵੇਂ ਹਨ

ੴ ਸ੍ਰੀ ਵਾਹਿਗੁਰੂ ਜੀਕੀ ਫ਼ਤਹ ॥

G-966

# ਖੁੱਲੀਆਂ ਉਡਾਰੀਆਂ

کھلیاں اڈاریاں

ਅਰਥਾਤ

ਭਾਂਤ ਭਾਂਤ ਦੀਆਂ ਕਵਿਤਾਵਾਂ ਜਿਸ ਵਿਚ ਧਾਰਮਕ, ਆਮ
ਵਿਵਹਾਰਕ ਅਤੇ ਵਿਵਾਹ ਕਾਰਜਾਂ ਸੰਬੰਧੀ ਸਿਖਯਾਵਾਂ,
ਜੁਦਾ ਜੁਦਾ ਤਰਜ਼ਾਂ, ਛੰਦਾਂ ਅਰ ਬੈਂਤਾਂ ਵਿੱਚ
ਹਰ ਇਕ ਪ੍ਰਾਣੀ ਦੇ ਮੁਤਾਲਿਆ ਯੋਗ ਹਨ!

ਕ੍ਰਿਤ

ਪ੍ਰਤਾਪ ਸਿੰਘ "ਦਰਬਾਰ"
ਪਿੰਡ ਕਾਲੂਵਾਲ, ਜ਼ਿਲਾ ਅੰਮ੍ਰਿਤਸਰ

LAHORE ... LIBRARY

"ਕਵੀ ਪ੍ਰੈਸ" ਕਲਕੱਤਾ ਵਿਚ ਸ: ਬਿਸ਼ਨ ਸਿੰਘ
ਪ੍ਰਿੰਟਰ ਤੇ ਪਬਲਸ਼ਰ ਦੇ ਪ੍ਰਬੰਧ ਨਾਲ ਛਪੀ ॥

ਪਹਿਲੀ ਵਾਰ ੧੦੦੦ ਕੀਮਤ ।।।)

21649

# ਤਤਕਰਾ


| ਲੇਖ | ਪੰਨਾ |
|---|---|
| ੧-੨. ਮੇਰੀ ਕਲਮ ਪਿਆਰੀ ਤੇ ਗੁਰੂ ਉਸਤਤ | ੧-੨ |
| ੩. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ | ੬ |
| ੪. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ | ੧੨ |
| ੫. ਮਨ-ਤ੍ਰੰਗ ਗੁਰੂ ਰਾਮਦਾਸ ਜੀ | ੧੬ |
| ੬. ਝਾਕੀ ਸ੍ਰੀ ਦਮਦਮਾ ਸਾਹਿਬ | ੨੧ |
| ੭-੮. ਝਾਕੀ ਸ੍ਰੀ ਕੇਸਗੜ੍ਹ ਸਾਹਿਬ ਅਤੇ ਅਮ੍ਰਿਤ ਪਰਚਾਰ | ੨੫-੨੭ |
| ੯. ਨਿਥਾਵਿਆਂ ਦੇ ਥਾਓਂ ਗੁਰੂ ਅਮਰਦਾਸ ਜੀ | ੩੨ |
| ੧੦. ਮਾਈ ਸੁਲਖਣੀ ਦੀ ਵਿਆਕਲਤਾ | ੩੪ |
| ੧੧-੧੨. ਸ਼ਾਂਤੀ ਤੇ ਕੁਰਬਾਨੀ | ੩੬-੩੭ |
| ੧੩. ਜੋਤੀ ਜੋਤ ਸਮਾਉਣਾ ਗੁਰੂ ਗੋਬਿੰਦ ਸਿੰਘ ਜੀ | ੪੦ |
| ੧੪. ਸੰਗਤ ਦੀ ਵਿਆਕਲਤਾ | ੪੪ |
| ੧੫. ਗੁਰੂ ਨਾਨਕ ਆਗਮਨ | ੪੬ |
| ੧੬. "ਜੋ ਸ਼ਰਨ ਆਵੇ ਤਿਸੇ ਕੰਠ ਲਾਵੇ" | ੪੭ |
| ੧੭. ਫੁਟ ਅਰਥਾਤ ਨਾਇਤਫਾਕੀ | ੬੧ |
| ੧੮-੧੯. ਪੌੜਰ ਤੇ ਮਨ ਦੇ ਤ੍ਰੰਗ | ੬੩-੬੪ |
| ੨੦, ਰਿਜ਼ਕ ਬਿਨਾਂ | ੬੮ |
| ੨੧-੨੨. ਦੁਖੀ ਦਿਲ ਮਾਯਾ ਅਤੇ ਹਰੀਨਾਮ | ੭੦ |
| ੨੩-੨੪. ਬਟਨ ਤੇ ਪੀਆ ਵਿਛੋੜਾ | ੭੪-੭੫ |
| ੨੫-੨੬. ਦਿਲੀ ਪੁਕਾਰ ਤੇ ਪੀਆ ਦੀ ਖੋਜ | ੭੭-੭੯ |
| ੨੭. ਆਈਏ ਜੀ ਆਇਆਂ ਨੂੰ | ੮੨ |
| ੨੮-੨੯. ਇਸਤ੍ਰੀ ਸਿਖਜਾ ਕੰਠਹਾਰ ਤੇ ਸੁਹਾਗ ਸੇਹਰਾ | ੮੩-੮੮ |
| ੩੦-੩੧. ਲੜਕੇ ਨੂੰ ਸਿਖਜਾ ਤੇ ਪ੍ਰੇਮ ਜੋੜੀ ਨਵਿਤ ਬੇਨਤੀ | ੯੨-੯੩. |
| ੩੨-੩੩. ਸਿਖਜ਼ਾਦਾਇਕ ਛੰਦ ਤੇ ਬੀਬੀਆਂ ਦੇ ਗੀਤ | ੯੫-੯੬ |
| ੩੪-੩੫. ਜੁਦਾਈ ਤੇ ਪੀਆ ਦਾ ਦਰਬਾਰ | ੯੭-੯੮ |
| ੩੬-੩੭. ਜਿੰਦ ਨੂੰ ਹਲੂਣੇ ਤੇ ਸਮਸਿਆ ਪੂਰਤੀ | ੯੯-੧੦੦ |
| ੩੮. ਤੇਰੀਆਂ ਤੂੰਹੀਓਂ ਜਾਣੇ | ੧੦੪ |
| ੩੯. ਸੰਸਾਰ ਮੁਸਾਫਰ ਖਾਨਾ | ੧੦੬ |




੧ੴ ਸਤਿਗੁਰਪ੍ਰਸਾਦਿ॥



## ਦੋਹਰਾ

ਗੁਰ ਨਾਨਕ ਪ੍ਰਸ਼ੋਤਮੰ ਪ੍ਰਮ ਪ੍ਰਾਵਰ ਨਾਥ ॥
ਚਰਨ ਸ਼ਰਨ ਮੱਮ ਬੰਧਨਾਂ ਧਰ ਪਰ ਧਰ ਕਰ ਮਾਥ ॥
ਕਵੀਓਂ ਕੇ ਸ੍ਰਿਤਾਜ ਸ਼ਾਹ, ਦਸਮ ਪਿਤਾ ਤੇਰੀ ਟੇਕ ॥
ਕਲਮ ਫੜੂੰ ਚਰਨੀ ਪੜੂੰ, ਦੀਜੇ ਬੁਧ ਬਬੇਕ ॥

## ਮੇਰੀ ਕਲਮ ਪਿਆਰੀ

ਪਰਾਂ ਵਾਲੀਏ ਕਲਮ ਪਿਆਰੀਏ ਨੀ,
ਆ "ਉਡਾਰੀਆਂ ਖੁਲੀਆਂ" ਲਾ ਅੜੀਏ।
ਰਾਹ ਸਾਫ ਚਿੱਟਾ ਤੇਰੇ ਚਲਣੇ ਨੂੰ,
ਅੱਖਰ ਅੱਖਰ ਤੇ ਨਾਜ਼ ਦਿਖਾ ਅੜੀਏ।
ਤਾਰ ਮਗਜ਼ ਮੇਰਾ ਸਾਜ ਦਿਲੋ ਸੰਦਾ,
ਸਜੇ ਨਾਚ ਤੇਰਾ ਰੰਗ ਲਾ ਅੜੀਏ।
ਪਰਦਾ ਮੈਲ ਕੁਚੈਲ ਦਾ ਲਾਹ ਉਤੋਂ,
ਮਨੋ ਈਰਖਾ ਸ਼ਬਦ ਗਵਾ ਅੜੀਏ।
ਸਿੰਧ ਤੁਕਾਂ ਦਾ ਚੱਲੇ ਦਰਯਾ ਮੂੰਹੋਂ,
ਨਾਲ ਰੂਹ ਦਾ ਹੋਵੇ ਛਲਕਾ ਅੜੀਏ।
ਘੜੀ ਏਸ ਪਾਸੇ ਘੜੀ ਓਸ ਬਾਹੀ,
ਗੇੜੇ ਦੇਕੇ ਮਨ ਪਰਚਾ ਅੜੀਏ।

ਰਾਖਾ ਮਤਿ ਤੇ ਪਤਿ ਜਗਦੀਸ਼ ਵਾਲੀ,
ਪੀਆ ਸ਼ੂਹ ਦੀ ਓਟ ਤਕਾ ਵਾਰੀ।
ਜਿੰਨ ਪਾਸੇ ਚਲਾਏ ਤਿਉਂ ਚਲਦੀ ਜਾ,
ਹਥ ਫੜੇ ਦੀ ਤੋੜ ਨਿਭਾ ਵਾਰੀ।
ਦਸਮ ਪਿਤਾ ਸੰਦੇ ਸੋਹਣੇ ਕਾਰਨਾਮੇ,
ਨਾਨਕ ਗੁਰੂ ਜੀ ਦੇ ਗੁਣ ਗਾ ਵਾਰੀ।
ਰੰਗ ਸੇਵਾ ਦਾ ਹੱਥਾਂ ਨੂੰ ਰਿਦਾ ਨੀਵਾਂ,
ਤੀਜੇ ਗੁਰੂ ਦਾ ਸਬਕ ਸੁਣਾ ਵਾਰੀ।
ਕੌਲ ਫੁਲ ਵਾਂਗੂੰ ਖਿੜੇ ਮਨ ਸਭਿਦਾ,
ਐਸੇ ਬੋਲ ਰਸੀਲੇ ਸੁਣਾ ਵਾਰੀ।
ਰਤਾ ਰੁਕੀਂ ਨਾਂ ਲਿਖਣ ਲਖੌਣ ਪਿੱਛੇ,
ਐਸੀ ਵਿਦਜਾ ਸੋਚ ਦੁੜਾ ਵਾਰੀ।

## ਗੁਰੂ ਉਸਤਤ

ਅਲਫ–ਇਕ ਓਂਕਾਰ ਪ੍ਰਮਾਤਮਾ ਜੋ,
ਸਿਰਜਨ ਹਾਰ, ਕਰਤਾਰ ਅਪਾਰ ਵੱਡਾ।
ਆਬ ਖਾਕ ਹੈ ਬੰਦ ਰਹਾਈ ਜਿਸਨੇ,
ਅਚਰਜ ਰਚਿਆ ਵਿਚ ਸੰਸਾਰ ਵੱਡਾ।
ਜੀਅ ਜੰਤ ਉਪਾਇਕੇ ਪਾਲਦਾ ਹੈ,
ਦੇਵੇ ਰਿਜ਼ਕ ਵਾਹ ਸੋਹਣਾ ਦਾਤਾਰ ਵੱਡਾ।
ਆਪੇ ਥਾਪੇ ਤੇ ਚਿੰਤਾ ਕਰੇ ਆਪੇ,
ਢਾਹ ਉਸਾਰਦਾ ਕਰੇ ਸ਼ੰਭਾਰ ਵੱਡਾ।



ਬੇ–ਬਾਦਸ਼ਾਹ ਜ਼ਿਮੀਂ ਅਸਮਾਨ ਵਾਲਾ,
ਸਾਰੇ ਜਗ ਦਾ ਵਲੀ ਤੇ ਪੀਰ ਨਾਨਕ॥
ਆਨ, ਮਾਨ ਤੇ ਤਾਨ ਨਿਤਾਨਿਆਂ ਦਾ,
ਦੁਖੀ ਦਿਲਾਂ ਨੂੰ ਦੇਂਵਦਾ ਧੀਰ ਨਾਨਕ।
ਨਾਮ, ਦਾਨ, ਇਸ਼ਨਾਨ ਦਾ ਦੇ ਮੰਤਰ,
ਰਸਤਾ ਦੱਸੇ ਸਚਾਈ ਫਕੀਰ ਨਾਨਕ।
ਪੱਥਰ ਦਿਲ ਤੇ ਜ਼ੈਹਰ ਗੰਭੀਰ ਪਾਪੀ,
ਕਰੇ ਮੋਮ ਜਿਉਂ ਨਰਮ ਤੇ ਸ਼ੀਰ ਨਾਨਕ॥
ਜੀਮ–ਜੁਦਾ ਨਾਂ ਦਿਲ ਤੋਂ ਜ਼ਰਾ ਕੀਤਾ,
ਗੁਰਾਂ ਜਾਨਿਆ ਪਾਸ ਜਾਂ ਕਰੂ ਅੰਗਦ!
ਕਿਹਾ ਜਗ ਨੂੰ ਰਾਹ ਦਿਖਾਓ ਕੋਈ,
ਅੰਗ ਲਾ 'ਲਹਿਣਾ' ਕੀਤਾ ਗੁਰੂ ਅੰਗਦ!
ਨਾਮ ਵਿਦਜਾ ਦੇਣ ਦੇ ਲਈ ਪਿਆਰੇ,
ਕੀਤੇ ਗੁਰਮੁਖੀ ਦੇ ਅੰਗ ਸ਼ੁਰੂ ਅੰਗਦ!
ਕਠਨ ਮਨਾਂ ਵੀ ਹਰੀ ਦਾ ਨਾਮ ਲੀਤਾ,
ਐਸੀ ਫੇਰ ਦਿੱਤੀ ਗੁੜ੍ਹੀ ਰੂਹ ਅੰਗਦ!
ਦਾਲ–ਦਿਲੀ ਪ੍ਰੀਤ ਦੀ ਰੀਤ ਐਸੀ,
ਅਮਰਦਾਸ ਗੁਰ ਸੇਵ ਕਮਾਈ ਡਾਢੀ!
ਉਮਰ ਬ੍ਰਿਧ ਤੇ ਸੇਵਾ ਦਾ ਫਲ ਪਾਯਾ,
ਅੰਗਦ ਗੁਰੂ ਤੋਂ ਪਦਵੀ ਪਾਈ ਡਾਢੀ!
ਇਹ ਨਿਥਾਵਿਆਂ ਦਾ ਥਾਓਂ ਗੁਰੂ ਸੋਹਣਾ,
ਕਹਿ ਜੁਲਾਹੀ ਦੀ ਹੋਸ਼ ਭੁਲਾਈ ਡਾਢੀ!
ਐਸੀ ਨਿਮ੍ਰਤਾ ਕਿ ਫੜੇ ਚਰਨ ਓਹਨਾਂ,
ਦਾਤੂ ਦਾਸੂ ਜਾਂ ਲੱਤ ਟਕਾਈ ਡਾਢੀ!

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.